
153

# ਅਜੀਤ

ਬੁੱਧਵਾਰ, 6 ਸਤੰਬਰ, 2017



ਰੂਪਨਗਰ ਰੈੱਡ ਕਰਾਸ ਮੇਲੇ ਦੌਰਾਨ ਮਿਸ ਤੀਜ ਦਾ ਖਿਤਾਬ ਜਿੱਤਣ ਵਾਲੀਆਂ ਵਿਦਿਆਰਥਣਾਂ ਦਾ ਸਨਮਾਨ ਕਰਦੇ ਹੋਏ ਸਕੱਤਰ ਦਵਿੰਦਰ ਸਿੰਘ, ਪ੍ਰਿੰ. ਸੁਰਮੁੱਖ ਸਿੰਘ ਅਤੇ ਸਟਾਫ਼ ਮੈਂਬਰ। ਤਸਵੀਰ: ਮਨਜੀਤ ਸਿੰਘ ਸੈਣੀ

# ਰੈੱਡ ਕਰਾਸ ਮੇਲੇ ਵਿਚ ਬੇਲਾ ਕਾਲਜ ਦੀ ਝੰਡੀ

ਬੇਲਾ, 5 ਸਤੰਬਰ (ਮਨਜੀਤ ਸਿੰਘ ਸੈਣੀ)-ਜ਼ਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਵੱਲੋ ਰੈਡਕਰਾਸ ਮੇਲੇ 'ਤੇ ਕਰਵਾਏ ਤੀਆਂ ਦੇ ਤਿਓਹਾਰ ਮੌਕੇ ਮਿਸ ਤੀਜ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨਾਂ 'ਤੇ ਬੇਲਾ ਕਾਲਜ ਨੇ ਕਬਜਾ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀਆਂ ਤਿੰਨ ਵਿਦਿਆਰਥਣਾਂ ਜਿਸ ਵਿਚ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਮਿਸ ਤੀਜ ਚੁਣੀ ਗਈ। ਇਸੇ ਕਾਲਜ ਦੀ ਹਰਜੀਤ ਕੌਰ ਬੀ.ਏ. ਭਾਗ ਤੀਜਾ ਦੂਜੇ ਸਥਾਨ 'ਤੇ ਅਤੇ ਵਰਿੰਦਰਜੀਤ ਕੌਰ ਬੀ.ਏ. ਭਾਗ ਦੂਜ ਤੀਜੇ ਸਥਾਨ 'ਤੇ ਰਹੀਆਂ। ਇਸ ਮੇਲੇ ਵਿਚ ਵਿਚ ਮੈਡਮ

**ਮਿਸ ਤੀਜ ਦੇ ਪਹਿਲੇ ਤਿੰਨ ਸਥਾਨਾਂ 'ਤੇ ਕੀਤਾ ਕਬਜ਼ਾ**

ਗੁਰਨੀਤ ਤੇਜ' ਡਿਪਟੀ ਕਮਿਸ਼ਨਰ ਰੂਪਨਗਰ, ਮਿਸ ਰੂਹੀ ਦੁੱਗ, ਐਸ.ਡੀ.ਐਮ. ਚਮਕੌਰ ਸਾਹਿਬ ਅਤੇ ਗਜਿੰਦਰ ਸਿੰਘ ਪੀ.ਸੀ.ਐਸ. ਨੇ ਉਕਤ ਵਿਦਿਆਰਥਣਾਂ ਨੂੰ ਸਨਮਾਨਿਤ ਚਿੰਨ੍ਹ ਤਕਸੀਮ ਕੀਤੇ। ਜੇਤੂ ਵਿਦਿਆਰਥਣਾਂ ਦਾ ਕਾਲਜ ਪਹੁੰਚਣ 'ਤੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਦੇਵਿੰਦਰ ਸਿੰਘ ਜਟਾਣਾ ਸਕੱਤਰ, ਸੁਖਵਿੰਦਰ ਸਿੰਘ ਵਿਸਕੀ ਮੈਨੇਜਰ, ਸੁਰਮੁੱਖ ਸਿੰਘ ਪ੍ਰਿੰਸੀਪਲ, ਇੰਚਾਰਜ ਮੈਡਮ ਸੁਨੀਤਾ ਰਾਣੀ, ਪ੍ਰੋ. ਮਮਤਾ ਅਰੋੜਾ, ਡਾ. ਹਰਪ੍ਰੀਤ ਕੌਰ, ਪ੍ਰੋ. ਗੁਰਿੰਦਰ ਸਿੰਘ ਅਤੇ ਪ੍ਰੋ. ਤਰਨਜੀਤ ਕੌਰ ਨੇ ਜੇਤੂ ਵਿਦਿਆਰਥਣਾਂ ਦਾ ਸਵਾਗਤ ਕੀਤਾ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।